# ਪਿਆਰੇ ਵਿਦਿਆਰਥੀਓ!!



6ਵੀਂ ਜਮਾਤ ਦੀ ਇਸ ਈ-ਬੁੱਕ ਵਿਚ ਕੰਪਿਊਟਰ ਸਾਇੰਸ ਦੇ ਨਵੇਂ ਸਿਲੇਬਸ (2023-24) ਅਨੁਸਾਰ ਤੁਹਾਨੂੰ ਸਟਡੀ ਮਟੀਰੀਅਲ ਭੇਜਿਆ ਜਾ ਰਿਹਾ ਹੈ। ਤੁਸੀਂ ਆਪਣੇ ਟੈਸਟ/ਪੇਪਰਾਂ ਦੀ ਤਿਆਰੀ ਇਹਨਾਂ ਨੋਟਸਾਂ ਨੂੰ ਪੜ੍ਹਦੇ ਹੋਏ ਅਤੇ ਹੇਠਾਂ ਦਿਤੇ ਵਿਡੀਓ ਲੈਕਚਰਾਂ ਨੂੰ ਦੇਖਦੇ ਹੋਏ ਬੜੀ ਆਸਾਨੀ ਨਾਲ ਕਰ ਸਕਦੇ ਹੋ। ਨਿੱਚੇ ਨਿੱਲੇ ਰੰਗ ਵਿਚ ਵਿਡੀਓ ਲੈਕਚਰਾਂ ਦੇ ਲਿੰਕ ਦਿਤੇ ਗਏ ਹਨ, ਜਿਨ੍ਹਾਂ ਉਪਰ ਕਲਿੱਕ ਕਰਕੇ ਤੁਸੀਂ ਸੰਬੰਧਤ ਪਾਠ ਦਾ ਵਿਡੀਓ ਲੈਕਚਰ ਦੇਖਦੇ ਹੋਏ ਉਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ।

**6ਵੀਂ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਿਲੇਬਸ ਦੀ ਮਹੀਨਾਵਾਰ ਵੰਡ ਅਤੇ ਵਿਡੀਓ ਲੈਕਚਰਜ਼ ਦੇ ਲਿੰਕ**

| ਮਹੀਨਾ | ਪਾਠ ਅਤੇ ਉਸਦਾ ਨਾਂ | ਵਿਡੀਓ ਲੈਕਚਰ ਦਾ ਲਿੰਕ |
|---|---|---|
| ਅਪ੍ਰੈਲ | ਪਾਠ-1 ਕੰਪਿਊਟਰ ਨਾਲ ਜਾਣ ਪਛਾਣ | https://youtu.be/JIAIF6hSapc |
| ਮਈ | ਪਾਠ-2 ਕੰਪਿਊਟਰ ਦੇ ਭਾਗ | https://youtu.be/PnpwPERc5IQ |
| | ਪਾਠ-3 ਕੰਪਿਊਟਰ ਦੇ ਬੁਨਿਆਦੀ ਕੰਮ | https://youtu.be/wcP8JzqhcPI |
| ਜੁਲਾਈ | ਪਾਠ-4 ਐਮ.ਐਸ. ਪੇਂਟ | https://youtu.be/skG2Q93xYWM |
| ਅਕਤੂਬਰ | ਪਾਠ-5 ਐਮ.ਐਸ. ਪੇਂਟ ਭਾਗ-2 | https://youtu.be/MVxeAyjqNpc |
| ਨਵੰਬਰ | ਪਾਠ-6 ਹਾਰਡਵੇਅਰ ਅਤੇ ਸਾਫਟਵੇਅਰ | https://youtu.be/sONg_RSr9Q8 |
| ਦਸੰਬਰ | ਪਾਠ-7 ਇਨਪੁੱਟ ਉਪਕਰਣ | https://youtu.be/ildZLh_0QMA |
| ਜਨਵਰੀ | ਪਾਠ-8 ਆਊਟਪੁੱਟ ਉਪਕਰਣ | https://youtu.be/OUeFcH2_780 |

**ਪ੍ਰੈਕਟੀਕਲ ਨਾਲ ਸੰਬੰਧਤ ਵਿਡੀਓ ਲੈਕਚਰਜ਼:**

| | | |
|---|---|---|
| | ਵਿੰਡੋਜ਼ ਨਾਲ ਜਾਣ ਪਛਾਣ (ਬੂਟਿੰਗ, ਲੋਗਇਨ, ਡੈਸਕਟਾਪ, ਸ਼ੱਟਡਾਊਨ) | https://youtu.be/OvtPBBu0nE0 |

PLEASE DO NOT FORGET TO LIKE, SHARE AND SUBSCRIBE OUR YOUTUBE CHANNEL

YouTube **http://youtube.com/c/computersciencepunjab**

ਤਿਆਰ ਕਰਤਾ:
ਵਿਕਾਸ ਕਾਂਸਲ ਅਤੇ ਸੁਖਵਿੰਦਰ ਸਿੰਘ
ਕੰਪਿਊਟਰ ਫੈਕਲਟੀ, ਸ਼ਹੀਦ ਉਧਮ ਸਿੰਘ ਸਰਕਾਰੀ (ਕੰ) ਸੀ. ਸੈ. ਸਕੂਲ, ਸੁਨਾਮ ਊਧਮ ਸਿੰਘ ਵਾਲਾ (ਸੰਗਰੂਰ)

**6ਵੀਂ ਤੋਂ 12ਵੀਂ ਕਿਸੇ ਵੀ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਟਡੀ ਮਟੀਰੀਅਲ/ਈ-ਬੁੱਕਸ/ਈ-ਕੰਟੈਂਟਸ (ਪੰਜਾਬੀ/ਅੰਗਰੇਜ਼ੀ ਮਾਧਿਅਮ ਵਿਚ) ਡਾਊਨਲੋਡ ਕਰਨ ਲਈ ਹੇਠਾਂ ਦਿਤੇ ਲਿੰਕ ਦੀ ਵਰਤੋਂ ਕਰੋ ਜੀ:**

**http://cspunjab.nirmancampus.co.in/study.php**

## ਪਾਠ 4
## ਐੱਮ. ਐੱਸ. ਪੇਂਟ

**ਪ੍ਰਸ਼ਨ 1: ਬਹੁਪਸੰਦੀ ਪ੍ਰਸ਼ਨ।**

1. ਪੇਂਟ ਵਿੰਡੋ ਦੇ ਸਭ ਤੋਂ ਉਪੱਰਲੇ ਪਾਸੇ _______ ਬਾਰ ਮੌਜੁਦ ਹੁੰਦੀ ਹੈ।

ੳ) ਟਾਈਟਲ ਬਾਰ ਅ) ਸਟੇਟਸ ਬਾਰ ੲ) ਸਕਰੋਲ ਬਾਰ ਸ) ਟਾਸਕ ਬਾਰ

2. _________ ਟੂਲਬਾਰ ਟਾਈਟਲ ਬਾਰ ਵਿੱਚ ਮੌਜੁਦ ਹੁੰਦੀ ਹੈ। ਇਸਦੀ ਪੁਜੀਸ਼ਨ ਅਸੀਂ ਟਾਈਟਲ ਬਾਰ ਵਿੱਚ ਉੱਪਰ ਜਾਂ ਹੇਠਾਂ ਬਦਲ ਸਕਦੇ ਹਾਂ।

ੳ) ਕੁਇੱਕ ਅਸੈੱਸ ਬਾਰ ਅ) ਸਟੇਟਸ ਬਾਰ ੲ) ਸਕਰੋਲ ਬਾਰ ਸ) ਉਪਰੋਕਤ ਸਾਰੇ

3. ਮੀਨੂੰ ਬਾਰ ਤੇ ਸਭ ਤੋਂ ਪਹਿਲਾਂ ________ ਬਟਨ ਮੌਜੁਦ ਹੁੰਦਾ ਹੈ।

ੳ) ਪੇਂਟ (Paint) ਅ) ਹੈਲਪ (Help) ੲ) ਕਲੋਜ਼ (Close) ਸ) ਮੀਨੀਮਾਇਜ਼

4. ਸਕਰੀਨ ਨੂੰ ਖਿਸਕਾਉਣ ਲਈ ਸਕਰੋਲ ਬਾਰ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ___ ਪ੍ਰਕਾਰ ਦੀਆਂ ਹੁੰਦੀਆ ਹਨ।

ੳ) 2 ਅ) 3 ੲ) 4 ਸ) 5

5. _______ ਆਪਸ਼ਨ ਦੀ ਵਰਤੋਂ ਨਾਲ ਅਸੀਂ ਆਪਣੀ ਤਸਵੀਰ ਦੀ ਇੱਕ ਕਾਪੀ ਕਿਸੇ ਹੋਰ ਨਾਂ ਤੇ ਸੇਵ ਕਰ ਸਕਦੇ ਹਾਂ।

ੳ) ਸੇਵ ਐਜ਼ (Save as) ਅ) ਓਪਨ (Open) ੲ) ਨਿਊ (New) ਸ)ਐਗਜ਼ਿਟ (Exit)

**ਪ੍ਰਸ਼ਨ 2: ਹੇਠ ਲਿਖੇ ਕੰਮਾਂ ਲਈ ਸ਼ਾਰਟਕੱਟ ਕੀਅਜ਼ ਲਿਖੋ:**

| | | |
|---|---|---|
| I. | ਨਵੀਂ ਫਾਈਲ ਬਨਾਉਣ ਲਈ | Ctrl+N |
| II. | ਪਹਿਲਾਂ ਬਣੀ ਫਾਈਲ ਖੋਲਣ ਲਈ | Ctrl+O |
| III. | ਫਾਈਲ ਨੂੰ ਸੇਵ ਕਰਨ ਲਈ | Ctrl+S |
| IV. | ਫਾਈਲ ਪ੍ਰਿੰਟ ਕਰਨ ਲਈ | Ctrl+P |
| V. | ਅੰਡੂ (UNDO) | Ctrl+Z |
| VI. | ਰੀਡੂ (REDO) ਜਾਂ ਰਪੀਟ (REPEAT) | Ctrl+Y |

**ਪ੍ਰਸ਼ਨ 3: ਛੋਟੇ ਉੱਤਰਾਂ ਵਾਲੇ ਪ੍ਰਸ਼ਨ:**


**ਪ੍ਰ:1. ਪੇਂਟ ਕੀ ਹੈ?**

ੳ: ਪੇਂਟ ਇਕ ਗ੍ਰਾਫਿਕਸ ਐਪਲੀਕੇਸ਼ਨ ਹੈ। ਇਹ ਐਪਲੀਕੇਸ਼ਨ ਮਾਈਕ੍ਰੋਸਾਫਟ ਵਿੰਡੋ ਵਿਚ ਪਹਿਲਾਂ ਤੋਂ ਹੀ ਮੌਜੁਦ ਹੁੰਦੀ ਹੈ। ਇਸ ਐਪਲੀਕੇਸ਼ਨ ਦੀ ਵਰਤੋਂ ਅਸੀਂ ਡਰਾਇੰਗ ਜਾਂ ਕੋਈ ਸਾਧਾਰਣ ਗ੍ਰਾਫਿਕਸ ਤਿਆਰ ਕਰਨ ਲਈ ਕਰਦੇ ਹਾਂ।

**ਪ੍ਰ:2. ਐੱਮ. ਐੱਸ. ਪੇਂਟ ਨੂੰ ਕਿਵੇਂ ਸਟਾਰਟ ਕੀਤਾ ਜਾਂਦਾ ਹੈ?**

ੳ: ਐਮ.ਐਸ. ਪੇਂਟ ਨੂੰ ਸਟਾਰਟ ਕਰਨ ਦੇ ਸਟੈਪ ਹੇਠ ਲਿਖੇ ਹਨ:

1. ਸਟਾਰਟ ਬਟਨ ਕੇ ਕਲਿੱਕ ਕਰੋ
2. ਸਰਚਬਾਰ ਵਿੱਚ "PAINT" ਟਾਈਪ ਕਰੋ।
3. ਐਂਟਰ ਕੀਅ ਦਵਾਓ।




**ਪ੍ਰ:3. ਪੇਂਟ ਵਿੰਡੋ ਦੇ ਭਾਗਾਂ ਦੇ ਨਾਂ ਲਿਖੋ।**
ਉ: ਪੇਂਟ ਵਿੰਡੋ ਦੇ ਮੁੱਖ ਭਾਗਾਂ ਦੇ ਨਾਂ ਇਸ ਪ੍ਰਕਾਰ ਹਨ:
- ਟਾਈਟਲ ਬਾਰ
- ਰੀਬਨ
- ਰੂਲਰ ਬਾਰ
- ਵਰਕਏਰੀਆ
- ਸਕਰੋਲ ਬਾਰ
- ਸਟੇਟਸ ਬਾਰ ਆਦਿ

**ਪ੍ਰ:4. ਵਰਕ ਏਰੀਆ ਕੀ ਹੈ?**
ਉ: ਪੇਂਟ ਵਿੰਡੋ ਵਿਚਕਾਰ ਖਾਲੀ ਜਗ੍ਹਾ ਨੂੰ ਅਸੀਂ ਵਰਕ ਏਰੀਆ ਆਖਦੇ ਹਾਂ। ਇਸ ਭਾਗ ਦੀ ਵਰਤੋਂ ਡਰਾਇੰਗ ਬਣਾਉਣ ਲਈ ਕੀਤੀ ਜਾਂਦੀ ਹੈ। ਇਹ ਖੇਤਰ ਆਮ ਤੌਰ ਤੇ ਰੀਬਨ ਅਤੇ ਸਟੇਟਸ ਬਾਰ ਦੇ ਵਿਚਕਾਰ ਵਾਲਾ ਖੇਤਰ ਹੁੰਦਾ ਹੈ।

**ਪ੍ਰ:5. ਸੇਵ ਕਮਾਂਡ ਦੀ ਵਰਤੋਂ ਬਾਰੇ ਦੱਸੋ।**
ਉ: ਸੇਵ ਕਮਾਂਡ ਦੀ ਵਰਤੋਂ ਨਾਲ ਅਸੀਂ ਪੇਂਟ ਵਿਚ ਕੀਤੇ ਗਏ ਕੰਮ ਨੂੰ ਸੇਵ ਕਰਕੇ ਰੱਖ ਸਕਦੇ ਹਾਂ। ਸੇਵ ਕੀਤੇ ਗਏ ਕੰਮ ਨੂੰ ਅਸੀਂ ਭਵਿੱਖ ਵਿਚ ਕਿਸੇ ਵੀ ਸਮੇਂ ਦੁਬਾਰਾ ਓਪਨ ਕਰਕੇ ਉਸਦੀ ਵਰਤੋਂ ਕਰ ਸਕਦੇ ਹੁੰਦੇ ਹਾਂ। ਪੇਂਟ ਵਿਚ ਫਾਈਲ ਨੂੰ ਸੇਵ ਕਰਨ ਲਈ ਸ਼ਾਰਟਕੱਟ ਕੀਅ **Ctrl+S** ਦੀ ਵਰਤੋਂ ਕਰ ਸਕਦੇ ਹਾਂ।


**ਪ੍ਰ:6. ਸਕਰੋਲ ਬਾਰ ਕਿੰਨੀ ਕਿਸਮ ਦੀਆਂ ਹੁੰਦੀਆਂ ਹਨ?**
ਉ: ਸਕਰੋਲ ਬਾਰ 2 ਕਿਸਮਾਂ ਦੀਆਂ ਹੁੰਦੀਆਂ ਹਨ:
1. ਵਰਟੀਕਲ ਸਕਰੋਲ ਬਾਰ (ਖੜਵਾਂ ਸਕਰੋਲ ਬਾਰ)
2. ਹਾਰੀਜ਼ੋਂਟਲ ਸਕਰੋਲ ਬਾਰ (ਲੇਟਵਾਂ ਸਕਰੋਲ ਬਾਰ)

**ਪ੍ਰਸ਼ਨ 4: ਵੱਡੇ ਉੱਤਰਾਂ ਵਾਲੇ ਪ੍ਰਸ਼ਨ:**
**ਪ੍ਰ:1. ਕੁਇੱਕ ਅਸੈੱਸ ਬਾਰ ਕੀ ਹੁੰਦੀ ਹੈ? ਇਸਦੇ ਭਾਗਾਂ ਨੂੰ ਬਿਆਨ ਕਰੋ।**
ਉ: ਕੁੱਇਕ ਅਸੈਸ ਬਾਰ ਪੇਂਟ ਵਿੰਡੋ ਦਾ ਇਕ ਅਹਿਮ ਭਾਗ ਹੈ। ਇਹ ਟੂਲਬਾਰ ਪਹਿਲਾਂ ਤੋਂ ਹੀ ਟਾਈਟਲ ਬਾਰ ਵਿਚ ਖੱਬੇ ਪਾਸੇ ਮੌਜੂਦ ਹੁੰਦੀ ਹੈ। ਇਸ ਦੀ ਜਗ੍ਹਾਂ ਨੂੰ ਰਿਬਨ ਦੇ ਉੱਪਰ ਜਾਂ ਹੇਠਲੇ ਪਾਸੇ ਬਦਲਿਆ ਜਾ ਸਕਦਾ ਹੈ। ਯੂਜ਼ਰ ਆਪਣੀ ਜਰੂਰਤ ਅਨੁਸਾਰ ਇਸ ਵਿਚ ਹੋਰ ਆਈਕਨ ਵੀ ਸ਼ਾਮਿਲ ਕਰ ਸਕਦਾ ਹੈ ਜਾਂ ਪਹਿਲਾਂ ਤੋਂ ਮੋਜੂਦ ਆਈਕਨਜ਼ ਨੂੰ ਹਟਾ ਵੀ ਸਕਦਾ ਹੈ।



ਚਿੱਤਰ: ਕੁਇੱਕ ਅਸੈੱਸ ਬਾਰ

**ਪ੍ਰ:2. ਹੋਮ ਟੈਬ ਰੀਬਨ ਦੀ ਵਿਆਖਿਆ ਕਰੋ।**
ਉ: ਰੀਬਨ ਪੇਂਟ ਵਿੰਡੋ ਦਾ ਇਕ ਮਹੱਤਵਪੂਰਣ ਭਾਗ ਹੁੰਦਾ ਹੈ। ਪੇਂਟ ਵਿਚ ਹਰ ਤਰ੍ਹਾਂ ਦਾ ਕੰਮ ਕਰਨ ਲਈ ਸਾਨੂੰ ਹੋਮ ਟੈਬ ਰੀਬਨ ਦੀ ਜ਼ਰੂਰਤ ਪੈਂਦੀ ਹੈ। ਇਸ ਵਿਚ ਵੱਖ-ਵੱਖ ਟੂਲਜ਼, ਸ਼ੇਪਸ, ਕਲਰ ਪੈਲੇਟ ਅਤੇ ਹੋਰ ਬਹੁਤ ਸਾਰੀਆਂ ਕਮਾਡਾਂ ਮੌਜੂਦ ਹੁੰਦੀਆਂ ਹਨ। ਇਹਨਾਂ ਕਮਾਂਡਜ਼ ਨੂੰ ਵੱਖ-ਵੱਖ ਗਰੁੱਪਾਂ ਵਿਚ ਵੰਡਿਆ ਗਿਆ ਹੁੰਦਾ ਹੈ, ਜਿਵੇਂ ਕਿ: ਕਲਿੱਪਬੋਰਡ, ਇਮੇਜ਼, ਟੂਲਜ਼, ਸ਼ੇਪਸ ਅਤੇ ਕਲਰਜ਼ ਗਰੁੱਪ



ਚਿੱਤਰ: Home ਟੈਬ ਰੀਬਨ